# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.), ਬਠਿੰਡਾ

ਕਮਰਾ ਨੰਬਰ 458, ਤੀਜੀ ਮੰਜਿਲ, ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਬਠਿੰਡਾ

ਈ-ਮੇਲ :- misbathinda@punjabeducation.gov.in

ਵੱਲ,

ਸਮੂਹ ਬਲਾਕ ਨੋਡਲ ਅਫਸਰ,

ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ,

ਸਮੂਹ ਸਕੂਲ ਮੁਖੀ,

ਸਰਕਾਰੀ/ਪ੍ਰਾਈਵੇਟ/ਏਡਿਡ/ਕੇਂਦਰੀ ਵਿਦਿਆਲਿਆ/ਆਰਮੀ ਅਤੇ ਜੇ.ਐਨ.ਵੀ

ਬਠਿੰਡਾ।

ਪੱਤਰ ਨੰ- ਐਮ.ਆਈ.ਐਸ./ਯੂ-ਡਾਈਸ/ 2023320946 ਮਿਤੀ : **04-12-2023**

ਵਿਸ਼ਾ- ਯੂ-ਡਾਈਸ ਸਰਵੇ 2023-24 ਦੇ ਵਿਦਿਆਰਥੀ ਡਾਟਾ ਸਬੰਧੀ।

ਵਿਸ਼ਾ ਅੰਕਿਤ ਮਾਮਲੇ ਦੇ ਸਬੰਧ ਵਿੱਚ ਯੂ-ਡਾਈਸ ਡਾਟਾ ਅਪਲੋਡ ਕਰਨ ਲਈ ਹਦਾਇਤਾਂ ਆਪ ਨੂੰ ਪਹਿਲਾ ਹੀ ਜਾਰੀ ਕੀਤੀਆਂ ਜਾ ਚੁੱਕੀਆਂ ਹਨ। ਯੂ-ਡਾਈਸ 2023-24 ਦੇ ਵਿਦਿਆਰਥੀ ਡਾਟਾ ਸਬੰਧੀ ਬਹੁਤ ਸਾਰੇ ਸਕੂਲ ਮੁਖੀਆਂ ਵੱਲੋ ਸ਼ਿਕਾਇਤ ਪ੍ਰਾਪਤ ਹੋ ਰਹੀ ਹੈ ਕਿ ਕੁਝ ਵਿਦਿਆਰਥੀ ਬਹੁਤ ਲੰਬੇ ਸਮੇ ਤੋ ਫਿਜ਼ੀਕਲੀ ਉਨ੍ਹਾ ਦੇ ਸਕੂਲ ਵਿੱਚ ਪੜ੍ਹ ਰਹੇ ਹਨ ਪਰੰਤੂ ਆਨਲਾਈਨ ਰਿਕਾਰਡ ਦੂਸਰੇ ਸਕੂਲਾਂ ਵਿੱਚ ਦਰਜ ਹੈ ਅਤੇ ਦੂਸਰੇ ਸਕੂਲਾਂ ਨੂੰ ਵਾਰ ਵਾਰ ਕਹਿਣ ਦੇ ਬਾਵਜੂਦ ਵੀ ਸਕੂਲਾਂ ਵੱਲੋ ਰਿਕਾਰਡ ਅਪਣੇ ਸਕੂਲ ਤੋ Exit ਨਹੀ ਕੀਤਾ ਜਾ ਰਿਹਾ ਜਿਸ ਕਾਰਨ ਉਹ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਡਾਟਾ ਅਪਡੇਟ ਕਰਨ ਤੋ ਅਸਮਰੱਥ ਹਨ। ਇਸ ਸਬੰਧੀ ਸਮੂਹ ਡੀ.ਡੀ.ਓਜ ਅਤੇ ਪ੍ਰਾਈਵੇਟ ਸਕੂਲ ਮੁਖੀਆਂ ਨੂੰ ਮੀਟਿੰਗ ਦੋਰਾਨ ਦੱਸਿਆ ਗਿਆ ਸੀ ਕਿ ਇਸ ਵਾਰ ਭਾਰਤ ਸਰਕਾਰ ਵੱਲੋ ਯੂ-ਡਾਈਸ ਰਾਹੀਂ ਹਰ ਇੱਕ ਵਿਦਿਆਰਥੀ ਨੂੰ ਨੈਸ਼ਨਲ ਕੋਡ (PEN) ਦਿੱਤਾ ਗਿਆ ਹੈ ਜਿਸ ਵਿਦਿਆਰਥੀ ਦੀ Schooling History Track ਹੋਵੇਗੀ ਭਾਵ ਵਿਦਿਆਰਥੀ ਦੇ ਦਾਖਲੇ ਤੋ ਲੈ ਕੇ ਸਕੂਲ ਸਿਸਟਮ ਤੋ ਪਾਸ ਆਊਟ ਤੱਕ ਦੀ ਹਿਸਟਰੀ ਇਸੇ ਨੈਸ਼ਨਲ ਕੋਡ ਨਾਲ ਟਰੈਕ ਹੋਵੇਗੀ ਅਤੇ ਬਾਕੀ ਸੁਵਿਧਾਵਾਂ ਵੀ ਇਸੇ ਕੋਡ ਨਾਲ integrate ਕੀਤੀਆਂ ਜਾਣੀਆਂ ਹਨ। ਇਸ ਲਈ ਇਹ ਜਰੂਰੀ ਹੈ ਕਿ ਵਿਦਿਆਰਥੀ ਫਿਜੀਕਲੀ ਜਿਸ ਸਕੂਲ ਵਿੱਚ ਪੜ੍ਹ ਰਿਹਾ ਹੈ ਉਸਦਾ ਡਾਟਾ ਉਸੇ ਸਕੂਲ ਵਿੱਚ ਦਰਜ ਹੋਵੇ। ਇਸ ਪੱਤਰ ਰਾਹੀ ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਵਿਦਿਆਰਥੀ ਫਿਜੀਕਲੀ ਜਿਸ ਸਕੂਲ ਵਿੱਚ ਪੜ੍ਹ ਰਹੇ ਹਨ, ਦਾ ਡਾਟਾ ਉਨ੍ਹਾ ਸਕੂਲਾਂ ਵਿੱਚ ਰਿਕਾਰਡ ਅਨੁਸਾਰ ਦਰਜ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਭਵਿੱਖ ਵਿੱਚ ਜੇਕਰ ਕੋਈ ਵੀ ਵਿਦਿਆਰਥੀ ਕਿਸੇ ਸਕੂਲ ਮੁਖੀ ਦੀ ਅਣਗਿਹਲੀ ਕਰਕੇ ਸੂਬਾ ਸਰਕਾਰ, ਵਿਭਾਗ ਜਾਂ ਭਾਰਤ ਸਰਕਾਰ ਤੋ ਮਿਲਣ ਵਾਲੀ ਕਿਸੇ ਵੀ ਸੁਵਿਧਾ ਤੋ ਵਾਝਾਂ ਰਹਿੰਦਾ ਹੈ ਜਾਂ ਸਕੂਲਾਂ ਵੱਲੋ ਰਿਕਾਰਡ ਅਨੁਸਾਰ ਡਾਟਾ ਦਰਜ ਨਾ ਕਰਨ ਕਾਰਨ ਵਿਦਿਆਰਥੀ ਦੀ Schooling History ਕਾਰਨ ਕੋਈ ਵੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਇਸਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਮੁਖੀ ਦੀ ਹੋਵੇਗੀ ਅਤੇ ਕਿਸੇ ਵੀ ਤਰ੍ਹਾ ਦੇ ਹੋਏ Financial ਨੁਕਸਾਨ ਦੀ ਪ੍ਰਤੀਪੂਰਤੀ ਵੀ ਸਬੰਧਤ ਰਾਹੀ ਹੀ ਕੀਤੀ ਜਾਵੇਗੀ ਅਤੇ ਇਸਦੇ ਨਾਲ ਹੀ ਬਣਦੀ ਸਖਤ ਅਨੁਸ਼ਾਸ਼ਨੀ ਕਾਰਵਾਈ ਵੀ ਅਮਲ ਵਿੱਚ ਲਿਆਂਦੀ ਜਾਵੇਗੀ।

ਉਪਰੋਕਤ ਤੱਥਾਂ ਦੀ ਰੋਸ਼ਨੀ ਵਿੱਚ ਸਮੂਹ ਸਕੂਲ ਮੁਖੀ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਉਣਗੇ ਅਤੇ ਉਪਰੋਕਤ ਸਬੰਧੀ ਕਿਸੇ ਵੀ ਤਰ੍ਹਾਂ ਸਮੱਸਿਆ ਜਿਲ੍ਹਾ ਪੱਧਰ ਤੇ ਈ+ਮੇਲ ਆਈ.ਡੀ misbathinda@punjabeducation.gov.in ਉੱਪਰ ਲਿਖਤੀ ਰੂਪ ਵਿੱਚ ਭੇਜ ਸਕਦੇ ਹਨ ਤਾਂ ਜੋ ਸਮਾਂ ਬੱਧ ਨਿਪਟਾਰਾ ਕਰਦੇ ਹੋਏ ਕੰਮ ਮੁਕੰਮਲ ਕਰਵਾਇਆ ਜਾ ਸਕੇ।

ਜਿਲ੍ਹਾ ਸਿੱਖਿਆ ਅਫਸਰ(ਐ.ਸਿ.)
ਬਠਿੰਡਾ

ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.)
ਬਠਿੰਡਾ

ਉਤਾਰਾ-

1) ਮਾਣਯੋਗ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਜੀ ਨੂੰ ਸੂਚਨਾ ਹਿੱਤ।
2) ਸਟੇਟ ਐਮ.ਆਈ.ਐਸ. ਵਿੰਗ, ਮੁਹਾਲੀ ਜੀ ਨੂੰ ਸੂਚਨਾ ਹਿੱਤ।
3) ਜੋਨਲ ਕੋਆਰਡੀਨੇਟਰ(ਐਮ.ਆਈ.ਐਸ) ਨੂੰ ਸੂਚਨਾ ਹਿੱਤ॥।

ਸਹੀ
ਜਿਲ੍ਹਾ ਸਿੱਖਿਆ ਅਫਸਰ(ਐ.ਸਿ.)
ਬਠਿੰਡਾ

ਸਹੀ
ਜਿਲ੍ਹਾ ਸਿੱਖਿਆ ਅਫਸਰ(ਐ.ਸਿ.)
ਬਠਿੰਡਾ